Punjabi | ਪੰਜਾਬੀ

NSW STATE EMERGENCY SERVICE

# ਆਪਣੇ ਹੜ੍ਹ ਦੇ ਖ਼ਤਰੇ ਨੂੰ ਜਾਣੋ



## ਆਪਣੇ ਹੜ੍ਹ ਦੇ ਖ਼ਤਰੇ ਬਾਰੇ ਪਤਾ ਲਗਾਓ

- ਆਪਣੇ ਹੜ੍ਹ ਦੇ ਖ਼ਤਰੇ ਬਾਰੇ ਸਥਾਨਕ ਜਾਣਕਾਰੀ ਲਈ ਆਪਣੀ ਕੌਂਸਲ ਨਾਲ ਸੰਪਰਕ ਕਰੋ।
- ਹੜ੍ਹਾਂ ਦੀ ਸਥਾਨਕ ਜਾਣਕਾਰੀ ਲਈ ਆਪਣੀ ਸਥਾਨਕ NSW SES ਯੂਨਿਟ ਨਾਲ ਸੰਪਰਕ ਕਰੋ।
- ਪਹਿਲਾਂ ਆਏ ਹੜ੍ਹਾਂ ਦੀ ਜਾਣਕਾਰੀ ਲਈ ਆਪਣੇ ਗੁਆਂਢੀਆਂ ਅਤੇ ਉਨ੍ਹਾਂ ਵਸਨੀਕਾਂ ਨਾਲ ਗੱਲ ਕਰੋ ਜੋ ਲੰਬੇ ਸਮੇਂ ਤੋਂ ਇਸ ਖੇਤਰ ਵਿੱਚ ਰਹਿੰਦੇ, ਕੰਮ ਕਰਦੇ ਜਾਂ ਆਉਂਦੇ-ਜਾਂਦੇ ਰਹਿੰਦੇ ਹਨ।
- ਆਪਣੇ ਘਰ, ਕਾਰੋਬਾਰ ਜਾਂ ਜਾਇਦਾਦ ਦੀ ਜ਼ਮੀਨੀ ਉਚਾਈ ਦਾ ਪਤਾ ਕਰੋ, ਇਹ ਹੜ੍ਹ ਨਾਲ ਪ੍ਰਭਾਵਿਤ ਹੋ ਸਕਦੇ ਹਨ।
- ਯਕੀਨੀ ਬਣਾਓ ਕਿ ਤੁਹਾਡੇ ਕੋਲ ਆਪਣੇ ਘਰ ਅਤੇ ਜਾਇਦਾਦ ਨੂੰ ਹੜ੍ਹਾਂ ਨਾਲ ਹੋਏ ਨੁਕਸਾਨ ਦੀ ਭਰਪਾਈ ਕਰਨ ਲਈ ਸਹੀ ਬੀਮਾ ਪਾਲਿਸੀ ਹੈ।

## ਹੜ੍ਹਾਂ ਦੇ ਪ੍ਰਭਾਵਾਂ ਤੋਂ ਸੁਚੇਤ ਰਹੋ

- ਤੁਹਾਡੇ ਘਰ, ਕਾਰੋਬਾਰ ਜਾਂ ਜਾਇਦਾਦ ਨੂੰ ਨੁਕਸਾਨ ਪਹੁੰਚਣਾ
- ਬਿਜਲੀ ਅਤੇ ਪਾਣੀ ਦੀ ਸਪਲਾਈ ਦਾ ਬੰਦ ਹੋ ਜਾਣਾ
- ਸੰਚਾਰ ਕਨੈਕਸ਼ਨਾਂ ਦਾ ਟੁੱਟ ਜਾਣਾ
- ਗੰਦੇ ਪਾਣੀ ਦੀ ਨਿਕਾਸੀ ਵਾਲੀ ਪ੍ਰਣਾਲੀ (ਸੀਵਰੇਜ ਸਿਸਟਮ) ਵਿੱਚ ਖ਼ਰਾਬੀ ਆਉਣਾ
- ਸੜਕਾਂ, ਪੁਲਾਂ ਅਤੇ ਉਨ੍ਹਾਂ ਥਾਵਾਂ 'ਤੇ ਹੜ੍ਹ ਦਾ ਪਾਣੀ, ਜਿੱਥੋਂ ਤੁਸੀਂ ਲੰਘਦੇ ਹੋ
- ਦੂਸਰਿਆਂ ਤੋਂ ਵੱਖ ਹੋ ਜਾਣਾ। ਭਾਵੇਂ ਤੁਹਾਡੀ ਜਾਇਦਾਦ ਵਿੱਚ ਹੜ੍ਹ ਨਹੀਂ ਆਉਂਦਾ, ਪਰ ਤੁਸੀਂ ਹੜ੍ਹ ਦੇ ਪਾਣੀ ਨਾਲ ਘਿਰ ਸਕਦੇ ਹੋ।

## ਜਾਣੋ ਕਿ ਕੀ ਕਰਨਾ ਹੈ ਅਤੇ ਕਿੱਥੇ ਜਾਣਾ ਹੈ



ਜਲਦੀ ਛੱਡ ਕੇ ਚਲੇ ਜਾਣ ਦੀ ਯੋਜਨਾ ਬਣਾਓ।



ਆਪਣੀ ਐਮਰਜੈਂਸੀ ਯੋਜਨਾ ਨੂੰ ਪਰਿਵਾਰ, ਗੁਆਂਢੀਆਂ ਅਤੇ ਨਾਲ ਕੰਮ ਕਰਨ ਵਾਲਿਆਂ ਨਾਲ ਸਾਂਝਾ ਕਰੋ ਅਤੇ ਬਾਕਾਇਦਾ ਇਸ ਦੀ ਸਮੀਖਿਆ ਕਰੋ।



ਵੱਖ-ਵੱਖ ਸੜਕਾਂ ਬੰਦ ਹੋਣ ਦੇ ਹਾਲਾਤਾਂ ਲਈ ਯਾਤਰਾ ਕਰਨ ਦੇ ਸੁਰੱਖਿਅਤ ਰਸਤਿਆਂ ਦੀ ਯੋਜਨਾ ਬਣਾਓ।




## ਸੂਚਿਤ ਰਹੋ

ਉਹਨਾਂ ਖੇਤਰਾਂ ਵਾਸਤੇ ਜਿੰਨ੍ਹਾਂ ਵਿੱਚ ਤੁਸੀਂ ਰਹਿੰਦੇ ਹੋ, ਕੰਮ ਕਰਦੇ ਹੋ ਅਤੇ ਜਾਂਦੇ ਹੋ, ਆਪਣੀਆਂ ਮੋਬਾਈਲ ਡਿਵਾਈਸਾਂ 'ਤੇ **ਹੈਜ਼ਰਡਜ਼ ਨੀਅਰ ਮੀ** ਐਪ ਨੂੰ ਡਾਊਨਲੋਡ ਕਰੋ ਅਤੇ **ਚੌਕਸੀ ਵਾਲੇ ਖ਼ੇਤਰ (ਵਾਚ ਜ਼ੋਨ)** ਬਣਾਓ।

ਜਾਨ-ਲੇਵਾ ਸਥਿਤੀਆਂ ਵਿੱਚ **ਟ੍ਰਿਪਲ ਜ਼ੀਰੋ (000) ਨੂੰ ਫ਼ੋਨ ਕਰੋ**

ਹੜ੍ਹ, ਤੂਫ਼ਾਨ ਅਤੇ ਸੁਨਾਮੀ ਲਈ ਐਮਰਜੈਂਸੀ ਵਿੱਚ ਸਹਾਇਤਾ ਵਾਸਤੇ **NSW SES** ਨੂੰ **132 500** 'ਤੇ ਫ਼ੋਨ ਕਰੋ।

**www.ses.nsw.gov.au/languages**

@NSWSES | NSWSES | NSWSES